# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

## (ਕੋਵਿਡ-19 ਕੰਟਰੋਲ ਰੂਮ)

**ਹੁਕਮ**

ਸਿਵਲ ਸਰਜਨ, ਅੰਮ੍ਰਿਤਸਰ ਵੱਲੋਂ ਪੱਤਰ ਨੰਬਰ IDSP/2020/601 ਮਿਤੀ 18.07.2020 ਰਾਹੀਂ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਦੇ ਪੱਤਰ ਨੰਬਰ IDSP/NHM/Pb/2020/6702-45 ਮਿਤੀ 17.06.2020 ਦਾ ਹਵਾਲਾ ਦਿੰਦੇ ਹੋਏ ਜ਼ਿਲ੍ਹਾ ਅੰਮ੍ਰਿਤਸਰ ਦੇ ਹੇਟ ਲਿਖੇ ਇਲਾਕੇ ਵਿੱਚ ਕੋਵਿਡ-19 ਦੇ 5 ਜਾਂ ਇਸ ਤੋਂ ਵੱਧ ਪੋਜਟਿਵ ਕੇਸ ਪਾਏ ਜਾਣ ਦੇ ਕਾਰਨ ਇਸ ਏਰੀਆ ਨੂੰ ਮਾਈਕਰੋ- ਕੰਟਨੇਟਮੈਂਟ ਜ਼ੋਨ ਘੋਸ਼ਿਤ ਕਰਨ ਦੀ ਤਜ਼ਵੀਜ਼ ਇਸ ਦਫਤਰ ਨੂੰ ਪੇਸ਼ ਕੀਤੀ ਹੈ।

ਵਧੀਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਜੀ ਦੇ ਹੁਕਮ ਜੋ ਪੱਤਰ ਪਿੱਠਅੰਕਣ ਨੰਬਰ COVID-19/NHM/1476-1483 ਮਿਤੀ 18.06.2020 ਅਨੁਸਾਰ "*Any specific area within a village/ward having more than 5 and up to 15 Covid positive cases and with a population of not more than 500 shall be designated as Micro Containment Zone* "

ਇਸ ਲਈ ਸਿਵਲ ਸਰਜਨ, ਅੰਮ੍ਰਿਤਸਰ ਪਾਸੋਂ ਪੱਤਰ ਨੰਬਰ IDSP/2020/601 ਮਿਤੀ 18.07.2020 ਰਾਹੀਂ ਪ੍ਰਾਪਤ ਹੋਈ ਤਜ਼ਵੀਜ਼ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੇ ਖੇਤਰ ਨੂੰ Micro Containment Zone ਘੋਸ਼ਿਤ ਕੀਤਾ ਜਾਂਦਾ ਹੈ:-

| ਲੜੀ ਨੰਬਰ | ਇਲਾਕੇ ਦਾ ਨਾਮ | ਏਰੀਆ ਦੀ ਜਨਸੰਖਿਆ | ਐਕਟਿਵ ਕੋਵਿਡ-19 ਪੋਜ਼ਟਿਵ ਕੇਸਾਂ ਦੀ ਗਿਣਤੀ | ਤਹਿਸੀਲ |
|---|---|---|---|---|
| 1 | ਸ਼ਾਸਤਰੀ ਨਗਰ (ਬਸੰਤ ਐਵੀਨਿਊ) | 100 | 6 | ਅੰਮ੍ਰਿਤਸਰ-1 |

ਉਪਰੋਕਤ ਏਰੀਆ ਵਿਚ ਵਧੀਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਜੀ ਦੇ ਹੁਕਮ ਜੋ ਪੱਤਰ ਪਿੱਠਅੰਕਣ ਨੰਬਰ COVID-19/NHM/1476-1483 ਮਿਤੀ 18.06.2020 (ਕਾਪੀ ਨੱਥੀ) ਰਾਹੀਂ ਜ਼ਾਰੀ ਹੋਏ ਹਨ ਵਿੱਚ ਦਰਸਾਇਆਂ ਹਦਾਇਤਾਂ ਲਾਗੂ ਹੋਣਗੀਆਂ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

**ਪਿੱਠਅੰਕਣ ਨੰ: ਕੋਵਿਡ-19/**2914-21 **ਮਿਤੀ:** 20/7/2020

ਇਸ ਦਾ ਇਕ ਉਤਾਰਾ:

1. ਵਧੀਕ ਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ।
2. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰੀ) ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਲਾਕੇ ਵਿੱਚ ਮਾਈਕਰੋ ਕੰਨਟੇਨਮੈਂਟ ਜ਼ੋਨ ਦੀਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇ।
3. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਲਾਕੇ ਵਿੱਚ ਰੋਜ਼ਾਨਾ ਸਾਫ ਸਫਾਈ, ਸਪ੍ਰੇਅ ਅਤੇ ਸੈਨੀਟੇਸ਼ਨ ਕਰਵਾਈ ਜਾਵੇ।
4. ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ-1 ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇਲਾਕੇ ਵਿਚ ਮਾਈਕਰੋ ਕੰਨਟੇਨਮੈਂਟ ਜ਼ੋਨ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਇਆ ਜਾਵੇ।
5. ਸਿਵਲ ਸਰਜਨ, ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇਲਾਕੇ ਵਿਚ ਤੁਰੰਤ active surveillance ਸੁਰੂ ਕੀਤੀ ਜਾਵੇ। ਹਰੀਪੁਰਾ ਇਲਾਕੇ ਵਿੱਚ ਇਕ ਮਾਈਕਰੋ ਕੰਨਟੇਨਮੈਂਟ ਜ਼ੋਨ ਪਹਿਲਾਂ ਤੋਂ ਹੀ ਹੈ, ਇਥੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਦੋਵੇਂ ਮਾਈਕਰੋ ਕੰਨਟੇਨਮੈਂਟ ਜ਼ੋਨਾਂ ਦਾ ਖੇਤਰ ਤੈਅ ਕਰਕੇ active surveillance ਨਿਯਮਾਂ ਅਨੁਸਾਰ ਮੁਕੰਮਲ ਹੋਵੇ।
6. ਪੀ.ਏ. ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner